19

# ''ਮੈਂ ਇਕ ਗੱਲ ਜਾਣਦਾ ਹਾਂ''

## (9:6-41)

ਕਈ ਵਾਰ ''ਦੁਆਵਾਂ ਦਾ ਜਵਾਬ ਮਿਲ ਜਾਣ'' ਨਾਲ ਸਾਡੀਆਂ ਜ਼ਿੰਦਗੀਆਂ ਮੁਸ਼ਕਿਲ ਵਿਚ ਪੈ ਸਕਦੀਆਂ ਹਨ। ਕੋਈ ਅਜਿਹੀ ਗੱਲ ਹੁੰਦੀ ਹੈ ਜਿਸ ਨੂੰ ਆਪਣੀ ਜ਼ਿੰਦਗੀ ਲਈ ਚੰਗਾ ਮੰਨਦੇ ਹਾਂ ਪਰ ਅਸਲ ਵਿਚ ਉਸ ਨਾਲ ਜੀਣਾ ਹੋਰ ਵੀ ਔਖਾ ਹੋ ਜਾਂਦਾ ਹੈ। ਉਦਾਹਰਣ ਲਈ, ਲਾਟਰੀ ਜਿੱਤਣ ਵਾਲੇ ਲੋਕਾਂ ਨੂੰ ਹੀ ਲੈ ਲਓ। ਕੁਝ ਸਾਲ ਪਹਿਲਾਂ, *ਨਿਊ ਯਾਰਕ ਟਾਈਮਜ਼ ਸੰਡੇ ਮੈਗਜ਼ੀਨ*[1] ਵਿਚ ਲਾਟਰੀ ਜਿੱਤਣ ਵਾਲਿਆਂ ਤੇ ਇਕ ਲੇਖ ਛਪਿਆ ਉਸ ਵਿਚ ਦੱਸਿਆ ਗਿਆ ਕਿ ਲਾਟਰੀ ਜਿੱਤਣ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਕਿਵੇਂ ਪ੍ਰਭਾਵਤ ਹੋਈਆਂ ਹਨ। ਵੇਖਿਆ ਗਿਆ ਹੈ ਕਿ ਲੋਕ ਲਾਟਰੀ ਜਿੱਤਣ ਨੂੰ ਇਕ ਮਿਲੀ ਜੁਲੀ ਬਰਕਤ ਮੰਨਦੇ ਸਨ। ਲਾਟਰੀ ਵਿਚ ਜਿੱਤੇ ਹੋਏ ਪੈਸੇ ਨਾਲ ਉਨ੍ਹਾਂ ਘਰ ਅਤੇ ਕਾਰਾਂ ਖ਼ਰੀਦ ਲਈਆਂ ਪਰ ਇਸ ਨਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਜਿਨ੍ਹਾਂ ਦੀ ਉਨ੍ਹਾਂ ਉਮੀਦ ਨਹੀਂ ਕੀਤੀ ਸੀ ਮੁਸ਼ਕਿਲਾਂ ਖੜੀਆ ਹੋ ਗਈਆਂ।

ਬਹੁਤ ਸਾਰੇ ਲਾਟਰੀ ਜਿੱਤਣ ਵਾਲਿਆਂ ਨੇ ਦੂਰ ਦੂਰ ਦੇ ਰਿਸ਼ਤੇਦਾਰਾਂ ਨੇ ਫ਼ੋਨ ਤੇ ਉਨ੍ਹਾਂ ਤੋਂ ਕਰਜ਼ਾ ਮੰਗਣ, ਮਾਲੀ ਸਲਾਹਕਾਰਾਂ ਵੱਲੋਂ ਪੈਸਾ ਕਾਰੋਬਾਰ ਚ ਲਾਉਣ ਦੇ ''ਵਧੀਆ'' ਤਰੀਕੇ ਦੱਸਣ ਅਤੇ ਅਜਿਹੇ ਲੋਕਾਂ ਦੇ ਡਰ ਨਾਲ ਜਿਨ੍ਹਾਂ ਨੂੰ ਪੈਸੇ ਦੀ ਲੋੜ ਸੀ ਅਤੇ ਉਸ ਤੋਂ ਜਿੱਤਣ ਦਾ ਤਰੀਕਾ ਜਾਣਨਾ ਚਾਹੁੰਦੇ ਸਨ, ਆਪਣੇ ਫ਼ੋਨਾਂ ਦੇ ਕਨੈਕਸ਼ਨ ਹੀ ਕਟਵਾ ਦਿੱਤੇ। ਡੌਨਲਡ ਬਲੇਕਲੀ ਨਾਮਕ ਇਕ ਇਲੈਕਟਰੀਕਲ ਇੰਜੀਨੀਅਰ ਸੀ ਜਿਸ ਨੇ 1982 ਵਿਚ 4.2 ਮਿਲੀਅਨ ਡਾਲਰ ਦੀ ਲਾਟਰੀ ਜਿੱਤੀ ਸੀ। ਉਸ ਕੋਲ਼ ਹੁਣ ਬੇਸ਼ੁਮਾਰ ਦੌਲਤ ਤਾਂ ਹੋ ਗਈ ਸੀ, ਪਰ ਉਹ ਇਸ ਗੱਲ ਤੋਂ ਦੁਖੀ ਸੀ ਕਿ ਪੈਸਾ ਮਿਲਣ ਤੇ ਰਿਸ਼ਤੇਦਾਰਾਂ ਨਾਲ ਉਸਦੇ ਸਬੰਧ ਬਦਲ ਗਏ ਸਨ। ਜਿਸ ਨੇ ਬਲੇਕਲੀ ਤੋਂ ਦਸ ਹਜ਼ਾਰ ਡਾਲਰ ਕਰਜ਼ਾ ਲਿਆ ਸੀ, ਮੰਗਣ ਤੇ ਬਲੇਕਲੀ ਨਰਾਜ਼ ਹੋ ਗਿਆ। ਉਹ ਦੋਸਤ ਹੈਰਾਨ ਸੀ, ''4.2 ਮਿਲੀਅਨ ਡਾਲਰ [18 ਕਰੋੜ 90 ਲੱਖ ਰੁਪਏ] ਵਾਲੇ ਆਦਮੀ ਨੂੰ ਦੋ ਹਜ਼ਾਰ ਡਾਲਰ [90 ਹਜ਼ਾਰ ਰੁਪਏ] ਦੀ ਛੋਟੀ ਜਿਹੀ ਰਕਮ ਦੇ ਕਰਜ਼ੇ ਵਿਚ ਦਿਲਚਸਪੀ ਲੈਣ ਦਾ ਕੀ ਮਤਲਬ ਹੈ?'' ਬਲੇਕਲੀ ਨੇ ਕਿਹਾ, ''ਮੈਨੂੰ ਪੈਸੇ ਦੇਣ ਖੁੱਸਣ ਦਾ ਡਰ ਤਾਂ ਹੈ, ਪਰ ਇਸ ਤੋਂ ਵੀ ਬਹੁਤਾ ਦੁੱਖ ਮੈਨੂੰ ਇਕ ਦੋਸਤ ਦੇ ਖੁੱਸਣ ਦਾ ਹੈ।'' ਉਸ ਨੇ ਅੱਗੇ ਕਿਹਾ ਕਿ ਉਸ ਦੇ ਸਾਥੀ ਪਹਿਲਾਂ ਤਾਂ ਬੜੇ ਖੁਸ਼ ਸਨ ਕਿ ਉਸ ਨੇ ਲਾਟਰੀ ਜਿੱਤੀ ਹੈ। ਪਰ ਛੇ ਕੁ ਮਹੀਨਿਆਂ ਬਾਅਦ ਉਨ੍ਹਾਂ ਦਾ ਜੋਸ਼ ਵਿਚ ਬਦਲ ਗਿਆ ਅਤੇ ਬਲੇਕਲੀ ਨੂੰ ਅਖ਼ੀਰ ਆਪਣੀ ਨੌਕਰੀ ਛੱਡਣੀ ਪਈ। ਸਚਮੁਚ ਕਈ ਵਾਰ ''ਦੁਆ ਦਾ ਜਵਾਬ ਮਿਲ ਜਾਣ'' ਨਾਲ ਸਾਡੀ ਜ਼ਿੰਦਗੀ ਵਿਚ ਕਈ ਵਾਰ ਮੁਸ਼ਕਿਲਾਂ ਵੀ ਖੜੀਆਂ ਹੋ ਜਾਂਦੀਆਂ ਹਨ।

ਉਸ ਜਮਾਂਦਰੂ ਅੰਨ੍ਹੇ ਆਦਮੀ ਦੀ ਯਿਸੂ ਨਾਲ ਮੁਲਾਕਾਤ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਅਨੁਭਵ ਸੀ। ਹਰ ਅੰਨ੍ਹਾ ਸੁਜਾਖੇ ਹੋਣ ਦੀ ਦੁਆ ਕਰਦਾ ਹੈ। ਬੇਸ਼ੱਕ ਉਹ ਵੀ ਕਦੇ ਕਦੇ ਸੁਫ਼ਨੇ ਵੇਖਦਾ ਹੋਵੇਗਾ ਕਿ ਜਦ ਉਹ ਵੇਖ ਸਕੇਗਾ ਤਾਂ ਕੀ ਕਰੇਗਾ। ਫਿਰ ਇਕ ਦਿਨ, ਬਿਨਾਂ ਕਿਸੇ ਚਿਤਾਵਨੀ ਦੇ ਇਕ ਆਦਮੀ ਉਸਦੇ ਕੋਲ਼ ਆਇਆ ਅਤੇ ਉਸਨੇ ਉਸਦੀ ਦੁਨੀਆਂ ਹੀ

ਬਦਲ ਦਿੱਤੀ। ਯਿਸੂ ਨੇ ਜ਼ਮੀਨ ਤੋਂ ਮਿੱਟੀ ਲੈ ਕੇ ਆਪਣੇ ਥੁੱਕ ਨਾਲ ਗੁੰਨ੍ਹ ਕੇ ਉਹਦੀਆਂ ਅੱਖਾਂ ਤੇ ਮਲ ਦਿੱਤੀ ਅਤੇ ਉਸ ਨੂੰ ਸ਼ੀਲੋ ਦੇ ਤਲਾਅ ਵਿਚ ਜਾ ਕੇ ਧੋਣ ਲਈ ਆਖਿਆ (9:6)। ਯੂਹੰਨਾ ਲਿਖਦਾ ਹੈ, ''ਸੋ ਉਹ ਨੇ ਜਾ ਕੇ ਧੋਤੀਆਂ ਅਤੇ ਸੁਜਾਖਾ ਹੋ ਕੇ ਚਲਾ ਆਇਆ'' (9:7)। ਉਸ ਅੰਨ੍ਹੇ ਦੀ ਸਭ ਤੋਂ ਵੱਡੀ ਦੁਆ ਦਾ ਜਵਾਬ ਮਿਲ ਗਿਆ ਸੀ! ਪਰ ਉਸ ਨੂੰ ਇਸ ਗੱਲ ਦਾ ਜ਼ਰਾ ਵੀ ਅਹਿਸਾਸ ਨਹੀਂ ਸੀ ਕਿ ਇਹ ਉਹਦੀ ਜ਼ਿੰਦਗੀ ਵਿਚ ਸਭ ਤੋਂ ਔਖੇ ਦਿਨ ਦੀ ਸ਼ੁਰੂਆਤ ਹੋਵੇਗਾ।

ਇਸ ਪਾਠ ਲਈ ਆਇਤਾਂ, 9:6-41 ਵਿਸ਼ਵਾਸ ਦੇ ਰਾਹ ਤੇ ਇਕ ਆਦਮੀ ਦੀ ਕਹਾਣੀ ਨੂੰ ਅੱਗੇ ਵਧਾਉਂਦੀਆਂ ਹਨ। ਯਿਸੂ ਕਹਾਣੀ ਸ਼ੁਰੂ ਕਰਕੇ ਇਸ ਨੂੰ ਆਖ਼ਰੀ ਮੋੜ ਅਤੇ ਵਿਸਥਾਰ ਦੇਣ ਲਈ ਅਖ਼ੀਰ ਵਿਚ ਵਾਪਿਸ ਆਇਆ। ਉਹ ਵਿਰਤਾਂਤ ਮੁੱਖ ਤੌਰ ਤੇ ਕਿਸੇ ਵਕਤ ਅੰਨ੍ਹਾ ਰਹੇ ਅਤੇ ਯਿਸੂ ਵਿਚ ਉਸ ਦੇ ਵਿਸ਼ਵਾਸ ਦੇ ਉਸਦੇ ਸਫ਼ਰ ਤੇ ਧਿਆਨ ਦੁਆਉਂਦਾ ਹੈ। ਬੜੇ ਹੀ ਦਿਲਚਸਪ ਤਰੀਕੇ ਨਾਲ, ਇਨ੍ਹਾਂ ਆਇਤਾਂ ਨੂੰ ਉਸ ਆਦਮੀ ਦੇ ਵਧਦੇ ਰਹਿਣ ਵਾਲੇ ਵਿਸ਼ਵਾਸ ਦੀਆਂ ਗੱਲਾਂ ਨਾਲ ਸਮਝਾਇਆ ਗਿਆ ਹੈ।

## ''ਮੈਂ ਉਹੀ ਹਾਂ'' (9:6-9)

ਉਸ ਅੰਨ੍ਹੇ ਦੀਆਂ ਅੱਖਾਂ ਠੀਕ ਹੁੰਦਿਆਂ ਹੀ, ਉਹਦੇ ਗੁਆਂਢੀ ਇਸ ਨਾ ਮੰਨਣਯੋਗ ਘਟਨਾ ਤੇ ਚਰਚਾ ਕਰਨ ਲੱਗ ਪਏ। ਕੋਈ ਕਹਿਣ ਲੱਗਾ, ''ਕੀ ਇਹ ਉਹੋ ਨਹੀਂ ਜਿਹੜਾ ਬੈਠਾ ਭੀਖ ਮੰਗਦਾ ਹੁੰਦਾ ਸੀ?'' (9:8)। ਕਈਆਂ ਦਾ ਜਵਾਬ ਸੀ, ''ਇਹ ਉਹੋ ਹੈ।'' ਜਦਕਿ ਹੋਰਨਾਂ ਆਖਿਆ, ''ਨਹੀਂ ਪਰ ਉਸ ਵਰਗਾ ਹੈ'' (9:9)। ਉਸਦੀਆਂ ਚਰਚਾਵਾਂ ਕਿਸੇ ਪਰਿਵਾਰ ਵੱਲੋਂ ਹਸਪਤਾਲ ਵਿਚ ਪਏ ਮਰੀਜ਼ ਦੇ ਸਾਹਮਣੇ ਹੀ ਗੱਲਾਂ ਕਰਨ, ਪਰ ਮਰੀਜ਼ ਵੱਲ ਧਿਆਨ ਵੇਖਣ ਵਾਂਗ ਨਹੀਂ ਸਨ। ''ਤੁਹਾਨੂੰ ਕੀ ਲੱਗਦਾ ਹੈ ਕਿ ਉਸਦਾ ਕੀ ਹਾਲ ਹੈ?'' ''ਮੇਰੇ ਖ਼ਿਆਲ ਵਿਚ ਅੱਜ ਪਹਿਲਾਂ ਨਾਲੋਂ ਕੁਝ ਠੀਕ ਹੈ।'' ''ਮੈਨੂੰ ਨਹੀਂ ਲਗਦਾ। ਉਹਦਾ ਚਿਹਰਾ ਤਾਂ ਅੱਜ ਕੁਝ ਪੀਲਾ ਜਿਹਾ ਲਗ ਰਿਹਾ ਹੈ।'' ''ਡਾਕਟਰ ਨੇ ਕੀ ਕਿਹਾ ਹੈ?'' ''ਤੈਨੂੰ ਕੀ ਲੱਗਦਾ ਹੈ ਕਿ ਉਹ ਠੀਕ ਹੋ ਜਾਵੇਗਾ?''

ਅਖ਼ੀਰ ਚ, ਉਹ ਆਦਮੀ ਜੋ ਚੰਗਾ ਹੋ ਗਿਆ ਸੀ, ਆਪ ਹੀ ਕਹਿੰਦਾ ਹੈ, ''ਮੈਂ ਉਹੀ ਹਾਂ'' (9:9)। ਉਹ ਆਪਣੀ ਨਜ਼ਰਅੰਦਾਜ਼ੀ ਨਹੀਂ ਚਾਹੁੰਦਾ ਭਾਵੇਂ ਉਹ ਕਈ ਸਾਲਾਂ ਤੋਂ ਮੰਗਤਾ ਸੀ, ਪਰ ਹੁਣ ਉਹ ਕੁਝ ਵਿਸ਼ਿਆਂ ਵਿਚ ਬਹੁਤ ਸਮਝਦਾਰ ਹੋ ਗਿਆ ਸੀ! ਉਸ ਨੂੰ ਪੂਰਾ ਯਕੀਨ ਸੀ ਕਿ ਉਹ ਅੰਨ੍ਹਾ ਸੀ ਅਤੇ ਹੁਣ ਵੇਖਣ ਲੱਗ ਪਿਆ ਹੈ, ਇਸ ਲਈ ਉਸ ਨੇ ਦਲੇਰੀ ਨਾਲ ਉਹੀ ਦੱਸਿਆ ਜੋ ਉਸਨੂੰ ਪਤਾ ਸੀ ਕਿ ਸਹੀ ਹੈ, ''ਮੈਂ ਉਹੋ ਹਾਂ!''

ਸਾਡੇ ਵਿੱਚੋਂ ਹਰ ਕਿਸੇ ਲਈ ਵਿਸ਼ਵਾਸ਼ ਦਾ ਸਫ਼ਰ ਵਿਅਕਤੀ ਦੇ ਰੂਪ ਵਿਚ ਆਪਣੇ ਬਾਰੇ ਜਾਣਨ ਤੋਂ ਸ਼ੁਰੂ ਹੋ ਸਕਦਾ ਹੈ। ਤੁਹਾਡਾ ਆਪਣੇ ਉੱਤੇ ਹੱਕ ਹੈ। ਤੁਹਾਨੂੰ ਯਕੀਨ ਹੋ ਸਕਦਾ ਹੈ ਕਿ ਤੁਸੀਂ ਇਕ ਵਿਅਕਤੀ ਅਤੇ ਜ਼ਿੰਦਾ ਜੀਵ ਹੋ। ਹੋ ਸਕਦਾ ਹੈ ਕਿ ਵਿਗਿਆਨਿਕ ਤੁਹਾਨੂੰ ਤੁਹਾਡੇ ਬਾਰੇ ਇਕ ਗੱਲ ਦੱਸਣ, ਤੁਹਾਡੇ ਬਾਸ ਦੂਜੀ ਗੱਲ ਅਤੇ ਤੁਹਾਡਾ ਪਰਿਵਾਰ ਕੁਝ ਹੋਰ। ਪਰ ਤੁਹਾਨੂੰ ਪਤਾ ਹੈ ਕਿ ਤੁਸੀਂ ਜ਼ਿੰਦਾ ਹੋ, ਤੁਸੀਂ ਇਕ ਰੂਹਾਨੀ ਜੀਵ ਹੋ ਅਤੇ ਕਿਸੇ ਅਜਿਹੀ ਖੋਜ ਵਿਚ ਹੋ ਜਿਸ ਨੂੰ ਅਜੇ ਪੂਰੀ ਤਰ੍ਹਾਂ ਨਹੀਂ ਪਾਇਆ। ਵਿਸ਼ਵਾਸ ਦੇ ਰਾਹ ਤੇ ਚੱਲਣਾ ਸ਼ੁਰੂ ਕਰਨ ਵੇਲੇ ਅਸੀਂ ਐਲਾਨ ਕਰਦੇ ਹਾਂ, ''ਮੈਂ ਉਹੀ ਹਾਂ।''

## ''ਯਿਸੂ ਨੇ ਮਿੱਟੀ ਗੋਈ'' (9:10-12)

ਉਸ ਆਦਮੀ ਦੀ ਗੱਲ ਤੋਂ ਕਿ ਇਹ ਉਹੀ ਮੰਗਤਾ ਸੀ ਜਿਸ ਨੂੰ ਉਨ੍ਹਾਂ ਸਭਨਾਂ ਨੇ ਹੈਕਲ ਨੇੜੇ ਵੇਖਿਆ ਸੀ, ਇਸ ਮੋਅਜਜ਼ੇ ਤੋਂ ਪੈਦਾ ਹੋਈ ਉਲਝਣ ਦੂਰ ਨਹੀਂ ਹੋਈ ਸੀ। ਇਸ ਪਹੇਲੀ ਦੀਆਂ ਕੁਝ ਗੱਲਾਂ ਉਨ੍ਹਾਂ ਦੀ ਸਮਝ ਤੋਂ ਬਾਹਰ ਸਨ। ਕਿਉਂਕਿ ਉਨ੍ਹਾਂ ਅਜਿਹਾ ਮੋਅਜਜ਼ਾ ਆਪਣੀ ਜ਼ਿੰਦਗੀ ਵਿਚ ਪਹਿਲਾਂ ਕਦੇ ਨਹੀਂ ਵੇਖਿਆ ਸੀ। ਉਨ੍ਹਾਂ ਨੇ ਉਸ ਨੂੰ ਪੁੱਛਿਆ ਕਿ ਇਹ ਅਨੋਖੀ ਗੱਲ ਕਿਵੇਂ ਹੋ ਗਈ। ਬੜੇ ਹੀ ਸਾਫ਼ ਅਤੇ ਸਰਲ ਢੰਗ ਨਾਲ, ਉਸ ਨੇ ਆਪਣੀ ਕਹਾਣੀ ਸੁਣਾਈ ਕਿ ''ਉਸ ਮਨੁੱਖ ਨੇ ਜਿਹ ਦਾ ਨਾਮ ਯਿਸੂ ਹੈ ਮਿੱਟੀ ਗੋ ਕੇ ਮੇਰੀਆਂ ਅੱਖਾਂ ਉੱਤੇ ਮਲੀ ਅਰ ਮੈਨੂੰ ਆਖਿਆ, ਸਿਲੋਆਮ ਵਿਚ ਜਾ ਕੇ ਧੋ ਸੁੱਟ ਸੋ ਮੈਂ ਜਾ ਕੇ ਧੋ ਸੁੱਟੀਆਂ ਅਤੇ ਸੁਜਾਖਾ ਹੋ ਗਿਆ'' (9: 11)।

ਫੇਰ, ਇਹ ਆਦਮੀ ਜਿਸ ਦੀ ਸਮਾਜ ਵਿਚ ਕੋਈ ਇੱਜ਼ਤ ਨਹੀਂ ਸੀ ਅਤੇ ਜਿਸ ਕੋਲ਼ ਕੋਈ ਜਾਇਦਾਦ ਨਹੀਂ ਸੀ, ਕੁਝ ਗੱਲਾਂ ਵਿਚ ਸੰਸਾਰ ਦਾ ਸਭ ਤੋਂ ਵੱਡਾ ਮਾਹਿਰ ਆਦਮੀ ਸੀ। ਉਹਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਕੌਣ ਹੈ ਅਤੇ ਉਸਨੂੰ ਕੀ ਅਨੁਭਵ ਹੋਇਆ ਸੀ। ਇਸੇ ਤਰ੍ਹਾਂ ਵਿਸ਼ਵਾਸ ਦੇ ਸਫ਼ਰ ਤੇ ਚੱਲਣ ਵਾਲੇ ਸਭ ਲੋਕ ਆਪਣੀ ਜ਼ਿੰਦਗੀ ਦੇ ਮਾਹਿਰ ਹੁੰਦੇ ਹਨ। ਕੋਈ ਕਹਿ ਸਕਦਾ ਹੈ, ''ਯਿਸੂ ਨੂੰ ਮਿਲਣ ਤੋਂ ਪਹਿਲਾਂ ਮੈਂ ਬਹੁਤ ਬੁਰਾ ਸੀ।'' ਕੋਈ ਹੋਰ ਇਸ ਗੱਲ ਦਾ ਐਲਾਨ ਕਰ ਸਕਦਾ ਹੈ, ''ਯਿਸੂ ਵੱਲੋਂ ਮੈਨੂੰ ਛੁਡਾਉਣ ਤੋਂ ਪਹਿਲਾਂ ਮੈਂ ਆਪਣੇ ਆਪ ਤੋਂ ਬਾਹਰ (ਨਿਰਾਸ਼ਾ ਵਿਚ ਜਾਂ ਨਸ਼ੇ ਵਿਚ) ਸੀ।'' ਅਜਿਹੇ ਵਿਸ਼ਿਆਂ ਤੇ ਤੁਸੀਂ ਬੜੇ ਸਾਫ਼ ਤਰੀਕੇ ਨਾਲ ਗੱਲ ਕਰ ਸਕਦੇ ਹੋ, ਕਿਉਂਕਿ ਸਿਰਫ਼ ਤੁਸੀਂ ਹੀ ਅਜਿਹੇ ਸ਼ਖ਼ਸ ਹੋ ਜੋ ਇਹ ਦੱਸ ਸਕਦਾ ਹੈ ਕਿ ਤੁਸੀਂ ਕੌਣ ਹੋ ਅਤੇ ਯਿਸੂ ਨੇ ਤੁਹਾਡੀ ਜ਼ਿੰਦਗੀ ਵਿਚ ਕੀ ਕੀਤਾ ਹੈ। ਤੁਹਾਡੇ ਨਾਲੋਂ ਬੇਹਤਰ ਇਸ ਗੱਲ ਨੂੰ ਕੋਈ ਹੋਰ ਨਹੀਂ ਦੱਸ ਸਕਦਾ!

## ''ਉਹ ਨਬੀ ਹੈ'' (9:13-17)

ਅਜੇ ਵੀ, ਉਸ ਜਮਾਂਦਰੂ ਅੰਨ੍ਹੇ ਨੂੰ ਜਾਣਨ ਵਾਲੇ ਉਹਦੇ ਨਾਲ ਹੋਣ ਵਾਲੀ ਘਟਨਾ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕੇ ਸਨ, ਜਿਸ ਕਰਕੇ ਉਨ੍ਹਾਂ ਨੇ ਧਰਮ ਦੇ ਜਾਣਕਾਰਾਂ, ਫ਼ਰੀਸੀਆਂ ਨੂੰ ਬੁਲਾਇਆ। ਜਿਸ ਦਿਨ ਯਿਸੂ ਨੇ ਉਸ ਨੂੰ ਚੰਗਾ ਕੀਤਾ ਸੀ ਉਹ ਸੱਬਤ ਦਾ ਦਿਨ ਸੀ ਜੋ ਯਹੂਦੀਆਂ ਦੇ ਅਰਾਮ ਦਾ ਪਵਿੱਤਰ ਦਿਨ ਹੁੰਦਾ ਸੀ। ਇਸ ਕਰਕੇ ਉਹ ਵੱਡੀ ਉਲਝਣ ਵਿਚ ਪੈ ਗਏ। ਇਸ ਸ਼ੱਕ ਨਾਲ ਕਿ ਕਿਸੇ ਆਦਮੀ ਨੂੰ ਸੱਬਤ ਦੇ ਦਿਨ ਚੰਗਾ ਕੀਤਾ ਜਾ ਸਕਦਾ ਹੈ ਜਾਂ ਨਹੀਂ, ਉਨ੍ਹਾਂ ਨੇ ਉਸ ਆਦਮੀ ਨੂੰ ਕਿਹਾ ਕਿ ਉਹ ਆਦਮੀ ਕਹਾਣੀ ਫੇਰ ਦੁਹਰਾਏ। ਉਸ ਤੋਂ ਸੁਣ ਕੇ ਉਨ੍ਹਾਂ ਨਿਚੋੜ ਕੱਢਿਆ ਕਿ ''ਇਹ ਮਨੁੱਖ ਪਰਮੇਸ਼ੁਰ ਦੀ ਵੱਲੋਂ ਨਹੀਂ ਹੈ, ਕਿਉਂਕਿ ਉਹ ਸਬਤ ਦੇ ਦਿਨ ਨੂੰ ਨਹੀਂ ਮੰਨਦਾ'' (9: 16)। ਫ਼ਰੀਸੀਆਂ ਦੇ ਦਿਮਾਗ਼ ਵਿਚ ਇਸ ਮਸਲੇ ਦਾ ਹੱਲ ਹੋ ਗਿਆ ਹੋਵੇਗਾ ਜੋ ਇਸ ਚੰਗਿਆਈ ਨੂੰ ਇਕ ਜਗਿਆਸਾ ਦੇ ਰੂਪ ਵਿਚ ਵੇਖਦੇ ਸਨ। ਪਰ ਉਸ ਆਦਮੀ ਨੂੰ ਜਾਣਨ ਵਾਲੇ ਫ਼ਰੀਸੀਆਂ ਦੇ ਇਸ ਜਵਾਬ ਦੋਂ ਬਿਲਕੁਲ ਸੰਤੁਸ਼ਟ ਨਹੀਂ ਹੋਏ। ਉਹ ਹੈਰਾਨ ਸਨ ਕਿ ਜੇ ਕੋਈ ਪਰਮੇਸ਼ੁਰ ਵੱਲੋਂ ਨਹੀਂ ਹੈ ਤਾਂ ਉਹ ਅਜਿਹਾ ਸ਼ਾਨਦਾਰ ਮੋਅਜਜ਼ਾ ਕਿਵੇਂ ਕਰ ਸਕਦਾ ਹੈ।

ਇਸ ਗੱਲ ਤੇ ਚਰਚਾ ਜਾਰੀ ਰਹਿਣ ਨਾਲ ਲੋਕਾਂ ''ਵਿਚ ਫੁੱਟ ਪਈ'' (9: 16)। ਇੰਜੀਲ ਦੀ ਯੂਹੰਨਾ ਰਾਹੀਂ ਲਿਖੀ ਗਈ ਪੂਰੀ ਕਿਤਾਬ ਵਿਚ, ਅਸੀਂ ਵੇਖਦੇ ਹਾਂ ਕਿ ਯਿਸੂ ਲੋਕਾਂ

ਨੂੰ ਉਸ ਬਾਰੇ ਫ਼ੈਸਲਾ ਲੈਣ ਵਾਸਤੇ ਦਬਾਅ ਬਣਾਉਂਦਾ ਰਹਿੰਦਾ ਹੈ। ਲੋਕਾਂ ਨੂੰ ਆਪਣੇ ਆਪ ਨੂੰ ਨਜ਼ਰਅੰਦਾਜ਼ ਕਰਨ ਦੀ ਇਜਾਜ਼ਤ ਨਾ ਦੇ ਕੇ, ਯਿਸੂ ਨੇ ਇਹ ਜ਼ੋਰ ਦਿੱਤਾ ਕਿ ਉਹ ਸਬੂਤ ਵੇਖ ਕੇ ਵਿਚਾਰ ਕਰਨ ਅਤੇ ਫ਼ੈਸਲਾ ਲੈਣ ਕਿ ਉਹ ਖ਼ੁਦਾ ਵੱਲੋਂ ਸੀ ਜਾਂ ਸ਼ੈਤਾਨ ਵੱਲੋਂ। ਜਿੱਥੋਂ ਤਕ ਯਿਸੂ ਅਤੇ ਯੂਹੰਨਾ ਦੀ ਗੱਲ ਸੀ, ਉਨ੍ਹਾਂ ਦੋਹਾਂ ਲਈ ਇਹ ਫ਼ੈਸਲਾ ਲੈਣ ਤੋਂ ਘੱਟ ਕੋਈ ਵਿਚਲਾ ਰਸਤਾ ਨਹੀਂ ਸੀ।

ਘਬਰਾਏ ਹੋਏ, ਲੋਕ ਫਿਰ ਉਸ ਆਦਮੀ ਕੋਲ਼ ਆਏ ਜੋ ਅੰਨ੍ਹਾ ਪੈਦਾ ਹੋਇਆ ਸੀ ਅਤੇ ਉਸ ਤੋਂ ਪੁੱਛਣ ਲੱਗੇ ਕਿ ਉਸਦਾ ਉਸ ਬਾਰੇ ਕੀ ਕਹਿਣਾ ਹੈ। ਵਿਸ਼ਵਾਸ ਦੀ ਵੱਲ ਇਕ ਹੋਰ ਅਹਿਮ ਕਦਮ ਵਧਾਉਂਦਿਆਂ, ਉਸ ਨੇ ਜਵਾਬ ਦਿੱਤਾ, ''ਉਹ ਨਬੀ ਹੈ'' (9:17)। ਇਹ ਕਹਿ ਕੇ, ਉਹ ਪੁਰਾਣਾ ਮੰਗਤਾ ਆਪਣੇ ਬਾਰੇ ਨਹੀਂ, ਸਗੋਂ ਉਸ ਆਦਮੀ ਬਾਰੇ, ਜਿਸ ਨੇ ਉਸ ਨੂੰ ਚੰਗਾ ਕੀਤਾ ਸੀ, ਦਾਅਵਾ ਕਰ ਰਿਹਾ ਸੀ। ਉਸ ਦਾ ਨਿਚੋੜ ਸੀ ਕਿ ਇਸ ਆਦਮੀ ਕੋਲ਼ ਪਰਮੇਸ਼ੁਰ ਦੀ ਸਮਰਥ ਹੈ। ਫ਼ਰੀਸੀ ਕੁਝ ਵੀ ਕਹਿਣ ਕਿ ਯਿਸੂ ਕਿੰਨਾ ਬੁਰਾ ਸੀ, ਪਰ ਅੰਨ੍ਹਾ ਜੰਮਿਆ ਆਦਮੀ ਇਸ ਗੱਲ ਤੋਂ ਕਾਇਲ ਸੀ ਕਿ ਉਹ ਇਕ ਭਲਾ ਮਨੁੱਖ ਸੀ ਅਤੇ ਉਸ ਵਿਚ ਪਰਮੇਸ਼ੁਰ ਦਾ ਸਮਰਥ ਹੈ।

## ''ਮੈਂ ਇਕ ਗੱਲ ਜਾਣਦਾ ਹਾਂ''
## (9:18-25)

ਅੰਨ੍ਹੇ ਪੈਦਾ ਹੋਏ ਉਸ ਆਦਮੀ ਦੀ ਹਰ ਗੱਲ ਨਾਲ ਤਣਾਅ ਵਧਦਾ ਜਾ ਰਿਹਾ ਸੀ। ਫ਼ਰੀਸੀਆਂ ਉਸ ਦੇ ਇਸ ਵਿਸ਼ਵਾਸ ਨੂੰ ਕਿ ਯਿਸੂ ਪਰਮੇਸ਼ੁਰ ਵੱਲੋਂ ਭੇਜਿਆ ਨਬੀ ਹੈ, ਪੂਰੀ ਤਰ੍ਹਾਂ ਨਾਲ ਨਕਾਰ ਦਿੱਤਾ ਸੀ। ਕਈਆਂ ਨੂੰ ਤਾਂ ਇਹ ਵੀ ਸ਼ੱਕ ਸੀ ਕਿ ਇਹ ਉਹ ਆਦਮੀ ਹੈ ਵੀ ਜਾਂ ਨਹੀਂ ਜਿਹੜਾ ਉੱਥੇ ਬੈਠ ਕੇ ਮੰਗਦਾ ਹੁੰਦਾ ਸੀ। ਇਸ ਲਈ, ਉਨ੍ਹਾਂ ਨੇ ਉਸ ਦੇ ਮਾਤਾ ਪਿਤਾ ਨੂੰ ਬੁਲਾ ਕੇ ਪੁੱਛ ਗਿੱਛ ਕੀਤੀ। ''ਕੀ ਇਹ ਤੁਹਾਡਾ ਪੁੱਤਰ ਹੈ ਜਿਹ ਨੂੰ ਤੁਸੀ ਆਖਦੇ ਹੋ ਭਈ ਉਹ ਅੰਨ੍ਹਾ ਜੰਮਿਆ ਸੀ? ਫਿਰ ਹੁਣ ਉਹ ਕਿਵੇਂ ਵੇਖਦਾ ਹੈ?'' (9:19)। ਉਸ ਆਦਮੀ ਦੇ ਮਾਂ ਪਿਓ ਡਰ ਗਏ। ਉਨ੍ਹਾਂ ਨੂੰ ਮਸ਼ਹੂਰੀ ਪਾਉਣ ਦੀ ਖ਼ਾਹਿਸ਼ ਨਹੀਂ ਸੀ ਪਰ ਹਾਲਾਤ ਨੂੰ ਵੇਖ ਕੇ ਉਹ ਘਬਰਾ ਗਏ ਸਨ। ਉਨ੍ਹਾਂ ਤਾਂ ਇਹ ਵੀ ਸੁਣਿਆ ਸੀ ਕਿ ਜੋ ਕੋਈ ਵੀ ਯਿਸੂ ਦੇ ਹੱਕ ਵਿਚ ਬੋਲੇਗਾ, ਉਸ ਨੂੰ ਹੈਕਲ ਵਿੱਚੋਂ ਛੇਕ ਦਿੱਤਾ ਜਾਵੇਗਾ (9:22)। ਇਸ ਡਰ ਨਾਲ ਕਿ ਉਨ੍ਹਾਂ ਦੇ ਦੋਸਤ, ਪਰਿਵਾਰ ਅਤੇ ਰੁਜ਼ਗਾਰ ਛੁੱਟ ਜਾਏਗਾ, ਮਾਂ ਅਤੇ ਪਿਓ ਨੇ (ਜਿਨ੍ਹਾਂ ਨੇ ਬਹੁਤ ਪਹਿਲਾਂ ਆਪਣੇ ਪੁੱਤਰ ਨੂੰ ਭੀਖ ਮੰਗਣ ਲਈ ਛੱਡ ਦਿੱਤਾ ਸੀ) ਇਕ ਵਾਰ ਫੇਰ ਉਸਨੂੰ ਝਗੜੇ ਵਿਚ ਛੱਡ ਦਿੱਤਾ। ਉਨ੍ਹਾਂ ਦਾ ਜਵਾਬ ਸੀ, ''ਓਸੇ ਕੋਲੋਂ ਪੁੱਛ ਲਓ, ਉਹ ਸਿਆਣਾ ਹੈ, ਉਹ ਆਪਣੀ ਗੱਲ ਆਪੇ ਦੱਸੂ'' (9:21)। ਇਹ ਦਿਨ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਚੰਗਾ ਦਿਨ ਹੋਣਾ ਚਾਹੀਦਾ ਸੀ, ਕਿਉਂਕਿ ਉਨ੍ਹਾਂ ਦੇ ਪੁੱਤਰ ਨੂੰ ਵੇਖ ਸਕਣ ਦਾ ਦਾਨ ਮਿਲਿਆ ਸੀ। ਪਰ ਬਜਾਏ ਇਸ ਦੇ ਉਨ੍ਹਾਂ ਲਈ ਇਹ ਇਕ ਭਿਆਨਕ ਅਤੇ ਸ਼ਰਮ ਦਾ ਦਿਨ ਵੀ ਸੀ।

ਸਵਾਲ ਪੁੱਛਣ ਵਾਲੇ ਫੇਰ ਉਸ ਆਦਮੀ ਵੱਲ ਮੁੜੇ ਅਤੇ ਉਹਨੂੰ ਪੁੱਛਣ ਲੱਗੇ ਕਿ ਉਹ ਵੇਖਣ ਕਿਵੇਂ ਲੱਗ ਪਿਆ। ਉਹ ਉਸਨੂੰ ਕਹਿਣ ਲੱਗੇ ਕਿ ''ਪਰਮੇਸ਼ੁਰ ਦੇ ਨਾਂਅ ਨੂੰ ਵਡਿਆਈ ਦੇ।'' ਇਸ ਇਜ਼ਹਾਰ ਦਾ ਖ਼ੁਦਾ ਦੀ ਬੰਦਗੀ ਜਾਂ ਤਾਰੀਫ਼ ਨਾਲ ਕੋਈ ਸਬੰਧ ਨਹੀਂ ਸੀ। ਸਗੋਂ ਇਹ ''ਸੱਚੋ -ਸੱਚ ਗੱਲ ਦੱਸ'' ਕਹਿਣ ਦਾ ਇਹ ਯਹੂਦੀ ਢੰਗ ਸੀ![2] ਇਹ ਕਿਸੇ ਪਾਪੀ ਨਾਲ

ਗੱਲ ਕਰਨ ਦਾ ਇਕ ਢੰਗ ਸੀ ਜਿਸ ਨੇ ਅਜੇ ਤਕ ਉਸ ਪਾਪ ਨੂੰ ਮੰਨਿਆ ਨਹੀਂ ਹੁੰਦਾ, ਜਿਸ ਬਾਰੇ ਸਭ ਨੂੰ ਯਕੀਨ ਹੋ ਗਿਆ ਕਿ ਇਹ ਉਸੇ ਨੇ ਕੀਤਾ ਹੈ। ਉਹਦੇ ਸ਼ਬਦਾਂ ਨਾਲ ਅੰਨ੍ਹੇ ਜੰਮੇ ਉਸ ਆਦਮੀ ਨਾਲ ਉਨ੍ਹਾਂ ਦੇ ਵਧਦੇ ਭੈਅ, ਕ੍ਰੋਧ ਅਤੇ ਬੈਚੇਨੀ ਦਾ ਪਤਾ ਚੱਲਦਾ ਸੀ।

ਜਿਵੇਂ ਕਿ ਅਸੀਂ ਪਹਿਲਾਂ ਵੀ ਵੇਖਿਆ ਹੈ, ਉਸ ਆਦਮੀ ਨੇ ਆਪਣੇ ਪੁੱਛਣ ਵਾਲਿਆਂ ਨੂੰ ਬੜੀ ਸ਼ਾਂਤੀ ਅਤੇ ਪੂਰੇ ਆਤਮ ਵਿਸ਼ਵਾਸ ਨਾਲ ਜਵਾਬ ਦਿੱਤੇ। ਉਸ ਨੇ ਉਨ੍ਹਾਂ ਨੂੰ ਦੱਸਿਆ, ''ਉਹ ਪਾਪੀ ਹੈ ਕਿ ਨਹੀਂ ਸੋ ਮੈਂ ਨਹੀਂ ਜਾਣਦਾ। ਇਕ ਗੱਲ ਮੈਂ ਜਾਣਦਾ ਹਾਂ ਕਿ ਮੈਂ ਜੋ ਅੰਨ੍ਹਾਂ ਸੀ ਹੁਣ ਵੇਖਣਾ ਹਾਂ'' (9:25)। ਧਾਰਮਿਕ ਚਰਚਾ ਦੀਆਂ ਗੱਲਾਂ ਵਿਚ ਇਹ ਆਦਮੀ ਉਨ੍ਹਾਂ ਦਾ ਜਵਾਬ ਨਹੀਂ ਦੇ ਸਕਿਆ ਸੀ। ਧਮਕਾਉਣ ਤੇ, ਤਾਂ ਉਹ ਉਨ੍ਹਾਂ ਤੱਥਾਂ ਦਾ ਧਿਆਨ ਦੁਆਉਂਦਾ ਸੀ: ''ਇਕ ਗੱਲ ਮੈਂ ਜਾਣਦਾ ਹਾਂ ਕਿ ਮੈਂ ਜੋ ਅੰਨ੍ਹਾਂ ਸੀ ਹੁਣ ਵੇਖਣਾ ਹਾਂ।''

## ''ਇਹ ਪਰਮੇਸ਼ੁਰ ਵੱਲੋਂ ਹੈ'' (9:26-34)

ਅੰਨ੍ਹੇ ਜੰਮੇ ਆਦਮੀ ਦੀ ਜ਼ਿਦ ਤੋਂ ਪਰੇਸ਼ਾਨ, ਫ਼ਰੀਸੀ ਸਵਾਲ ਪੁੱਛਣ ਦੀ ਸਾਰੀ ਪ੍ਰਕਿਰਿਆ ਨੂੰ ਨਵੇਂ ਸਿਰਿਓਂ ਦੁਹਰਾਉਣ ਲੱਗੇ (9:26)। ਉਨ੍ਹਾਂ ਦੀਆਂ ਚਲਾਕੀਆਂ ਵੇਖ ਕੇ ਮੈਨੂੰ ਕੁਝ ਸਾਲ ਪਹਿਲਾਂ ਇਕ ਹਵਾਈ ਜ਼ਹਾਜ਼ ਵਿਚ ਅੱਤਵਾਦ ਵਿਰੋਧੀ ਤਰੀਕੇ ਦੱਸੇ ਜਾਣ ਦਾ ਧਿਆਨ ਆਉਂਦਾ ਹੈ। ਜ਼ਹਾਜ਼ ਦੇ ਕਰਮਚਾਰੀ ਨੇ ਸਭ ਮੁਸਾਫ਼ਰਾਂ ਨੂੰ ਇਕ ਪਾਸੇ ਲਿਜਾ ਕੇ ਇਕ ਇਕ ਕਰਕੇ ਕਈ ਸਵਾਲ ਪੁੱਛੇ ਸਨ। ਫਿਰ, ਕੁਝ ਹੀ ਮਿੰਟਾਂ ਬਾਅਦ ਇਕ ਹੋਰ ਕਰਮਚਾਰੀ ਸਾਨੂੰ ਉਹੀ ਸਵਾਲ ਪੁੱਛਦਾ। ਅਖ਼ੀਰ ਵਿਚ, ਇਕ ਤੀਜਾ ਕਰਮਚਾਰੀ ਸਾਥੋਂ ਉਹੀ ਸਵਾਲ ਇਕ ਵਾਰ ਫੇਰ ਪੁੱਛਦਾ। ਬਾਅਦ ਵਿਚ ਅਸੀਂ ਵੇਖਿਆ ਕਿ ਤਿੰਨੇ ਕਰਮਚਾਰੀ ਇਕੱਠੇ ਖੜੇ ਹੋ ਕੇ ਇਹ ਵੇਖਣ ਲਈ ਕਿ ਸਾਡੇ ਜਵਾਬ ਉਹ ਤਿੰਨਾਂ ਦੇ ਸਵਾਲਾਂ ਨਾਲ ਮੇਲ ਖਾਂਦੇ ਹਨ, ਆਪਣੇ ਬਣਾਏ ਨੋਟਸ ਦੀ ਤੁਲਨਾ ਕਰਨ ਲੱਗੇ। ਉਸ ਜਨਮ ਦੇ ਅੰਨ੍ਹੇ ਨੂੰ ਵੀ ਉਸ ਦਿਨ ਧਰਮ ਗੁਰੂਆਂ ਵੱਲੋਂ ਸਵਾਲ ਪੁੱਛਣ ਤੇ ਅਜਿਹਾ ਹੀ ਲੱਗਾ ਹੋਵੇਗਾ।

ਇੱਕੋ ਸਵਾਲ ਦਾ ਜਵਾਬ ਦਿੰਦੇ ਹੋਏ, ਉਹ ਆਦਮੀ ਸਥਿਤੀ ਵਿਚ ਇਹ ਵਿਅੰਗ ਜੋੜਨ ਲੱਗ ਪਿਆ। ਉਸਨੇ ਯਹੂਦੀ ਆਗੂਆਂ ਤੋਂ ਪੁੱਛਿਆ ਕਿ ਕੀ ਉਹ ਉਸਨੂੰ ਦੁਬਾਰਾ ਸਵਾਲ ਇਸ ਲਈ ਪੁੱਛ ਰਹੇ ਹਨ ਕਿ ਉਨ੍ਹਾਂ ਦੀ ਦਿਲਚਸਪੀ ਯਿਸੂ ਵਿਚ ਹੈ ਅਤੇ ਉਸਦੇ ਚੇਲੇ ਬਣਨਾ ਚਾਹੁੰਦੇ ਹਨ (9:27)। ਜਿਹੀ ਉਮੀਦ ਸੀ, ਉਹ ਕ੍ਰੋਧਿਤ ਹੋ ਉੱਠੇ। ਫਿਰ ਉਸ ਨੇ ਆਪਣੀ ਗੱਲਬਾਤ ਦੇ ਆਖ਼ਰੀ ਮੌਕੇ ਵਿਚ ਅੰਨ੍ਹੇ ਜੰਮੇ ਆਦਮੀ ਨੇ ਇਸਰਾਏਲ ਦੇ ਕੁਝ ਮਸ਼ਹੂਰ ਅਤੇ ਉੱਚ ਸਿੱਖਿਆ ਪ੍ਰਾਪਤ ਵਿਚਾਰਾਂ ਦੇ ਬੇਮੇਲ ਹੋਣ ਵੱਲ ਇਸ਼ਾਰਾ ਕੀਤਾ। ਉਸਨੇ ਦਾਅਵਾ ਕੀਤਾ ਕਿ ਕਿਸੇ ਨੇ ਕਦੇ ਵੀ ਕਿਸੇ ਜਨਮ ਦੇ ਅੰਨ੍ਹੇ ਦੇ ਚੰਗੇ ਹੋਣ ਵਰਗਾ ਅਚੰਭਾ ਨਹੀਂ ਵੇਖਿਆ ਸੀ। ਅਸਲ ਵਿਚ, ਇਹ ਇਕ ਮੋਅਜਜ਼ਾ ਸੀ। ਯਕੀਨਨ ਹੀ ਇਹ ਮੋਅਜਜ਼ਾ ਖ਼ੁਦਾ ਵੱਲੋਂ ਸੀ; ਫਿਰ ਵੀ ਫ਼ਰੀਸੀਆਂ ਨੂੰ ਜੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਐਨਾ ਨੇੜੇ ਮੰਨਦੇ ਸਨ, ਇਸ ਗੱਲ ਦਾ ਬਿਲਕੁਲ ਗਿਆਨ ਨਹੀਂ ਸੀ ਕਿ ਯਿਸੂ ਕਿੱਥੋਂ ਹੈ ਅਤੇ ਉਸ ਨੇ ਕੀ ਕੀਤਾ ਸੀ। ਉਸ ਆਦਮੀ ਦਾ ਪੱਕਾ ਨਿਚੋੜ ਸੀ ਕਿ ਜੇ ਯਿਸੂ ਖ਼ੁਦਾ ਵੱਲੋਂ ਨਾ ਹੁੰਦਾ, ਤਾਂ ਉਹ ਐਨਾ ਵੱਡਾ ਕੰਮ ਨਹੀਂ ਕਰ ਸਕਦਾ ਸੀ। ਸਾਰ ਵਿਚ, ਉਸਨੇ ਕਿਹਾ, ''ਉਹ ਪਰਮੇਸ਼ੁਰ ਵੱਲੋਂ ਹੈ'' (9:33)।

ਅੰਨ੍ਹੇ ਜੰਮੇ ਆਦਮੀ ਤੋਂ ਪਰੇਸ਼ਾਨ ਹੋ ਕੇ, ਫ਼ਰੀਸੀ ਸ਼ਬਦਾਂ ਦੇ ਹਮਲੇ ਕਰਨ ਲੱਗੇ। ਉਸਨੇ ਸਾਨੂੰ ਸਮਝਾਉਣ ਦੀ ਜੁਰੱਅਤ ਕਿਵੇਂ ਕੀਤੀ? ਉਸਨੂੰ ਸ਼ਰ੍ਹਾ ਦਾ ਗਿਆਨ ਨਹੀਂ ਸੀ ਅਤੇ ਨਾ ਹੀ

ਉਸ ਤੇ ਭਰੋਸਾ ਕੀਤਾ ਜਾ ਸਕਦਾ ਹੈ ਕਿ ਉਹ ਜ਼ਿੰਮੇਵਾਰੀ ਨਾਲ ਸੋਚ ਸਕਦਾ ਹੈ। ਇਸ ਦੇ ਇਲਾਵਾ ਉਸ ਨੇ ਐਲਾਨ ਕੀਤਾ ਕਿ ਉਹ ਪੂਰੀ ਤਰ੍ਹਾਂ ਨਾਲ ਆਪਣੇ ਪਾਪਾਂ ਵਿਚ ਪੈਦਾ ਹੋਇਆ ਸੀ। (ਆਇਤ 2 ਵਿਚ ਪਾਪ ਅਤੇ ਕਸ਼ਟ ਬਾਰੇ ਚੇਲਿਆਂ ਦਾ ਸਵਾਲ ਯਾਦ ਕਰੋ।) ਗਾਲ ਮੰਦਾ ਕਰਨ ਦੇ ਬਾਅਦ ''ਉਨ੍ਹਾਂ ਉਸ ਨੂੰ ਛੇਕ ਦਿੱਤਾ'' (9:34)। ਸਾਫ਼ ਤੌਰ ਤੇ ਉਨ੍ਹਾਂ ਉਸਦੇ ਨਾਲ ਬਿਲਕੁਲ ਉਹੀ ਕੀਤਾ, ਜਿਸਦਾ ਉਸਦੇ ਮਾਂ ਪਿਓ ਨੂੰ ਡਰ ਸੀ ਕਿ ਉਹ ਉਸਦੇ ਨਾਲ ਉਵੇਂ ਹੀ ਕਰਨਗੇ; ਉਨ੍ਹਾਂ ਉਸ ਨੂੰ ਸਿਨਾਗੋਗ ਵਿੱਚੋਂ ਬਾਹਰ ਕੱਢ ਦਿੱਤਾ।

ਅੰਨ੍ਹੇ ਜੰਮੇ ਉਸ ਆਦਮੀ ਦਾ ਅਨੁਭਵ ਸਾਨੂੰ ਯਾਦ ਕਰਵਾਉਂਦਾ ਹੈ ਕਿ ਯਿਸੂ ਵਿਚ ਵਿਸ਼ਵਾਸ ਕਰਨ ਕਾਰਣ ਕਈ ਵਾਰ ਸਾਡੀ ਜ਼ਿੰਦਗੀ ਵਿਚ ਉਲਝਣਾਂ ਵਧ ਸਕਦੀਆਂ ਹਨ। ਸਾਨੂੰ ਇਹ ਕਿਸ ਨੇ ਦੱਸਿਆ ਕਿ ਯਿਸੂ ਸਾਡੀ ਜ਼ਿੰਦਗੀ ਸਦਾ ਲਈ ਅਸਾਨ ਬਣਾ ਦੇਵੇਗਾ। ਰੌਸ਼ਨੀ ਅਤੇ ਹਨ੍ਹੇਰਾ ਕਦੇ ਨਾਲ-ਨਾਲ ਨਹੀਂ ਰਹਿੰਦੇ। ਜ਼ਰੂਰੀ ਨਹੀਂ ਹੈ ਕਿ ਵਿਸ਼ਵਾਸ ਕਰਨ ਨਾਲ ਪਰਿਵਾਰਾਂ ਵਿਚ ਸ਼ਾਂਤੀ ਆ ਜਾਏ ਬਲਕਿ ਇਸ ਨਾਲ ਝਗੜਾ ਹੋਰ ਵਧਦਾ ਹੈ। ਵਿਸ਼ਵਾਸ ਦਾ ਅਰਥ ਇਹ ਨਹੀਂ ਹੈ ਕਿ ਇਸ ਨਾਲ ਪਰਿਵਾਰਾਂ ਵਿਚ ਸ਼ਾਂਤੀ ਆ ਜਾਏਗੀ; ਕਈ ਵਾਰ ਤਾਂ ਇਸ ਦੇ ਕਾਰਣ ਪਰਿਵਾਰਾਂ ਵਿਚ ਝਗੜੇ ਪੈਦਾ ਹੋ ਜਾਂਦੇ ਹਨ। ਜ਼ਰੂਰੀ ਨਹੀਂ ਕਿ ਵਿਸ਼ਵਾਸ ਕਰਨ ਨਾਲ ਨੌਕਰੀ ਅਸਾਨੀ ਨਾਲ ਮਿਲ ਜਾਏ, ਕਿਉਂਕਿ ਕਈ ਵਾਰ ਇਹਦੇ ਕਰਕੇ ਲੋਕਾਂ ਨੂੰ ਨੌਕਰੀ ਤੋਂ ਹੱਥ ਵੀ ਧੋਣਾ ਪੈ ਸਕਦਾ ਹੈ। ਯਿਸੂ ਨੇ ਇਕ ਵਾਰ ਕਿਹਾ ਸੀ।

> ਕੀ ਤੁਸੀਂ ਸਮਝਦੇ ਹੋ ਭਈ ਮੈਂ ਧਰਮੀ ਉੱਤੇ ਮੇਲ ਕਰਾਉਣ ਆਇਆ ਹਾਂ? ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਸਗੋਂ ਜੁਦਾਈ। ਕਿਉਂਕਿ ਏਦੋਂ ਅੱਗੇ ਇਕ ਘਰ ਦੇ ਅਰ ਦੋ ਤਿੰਨਾਂ ਦੇ ਵਿਰੁੱਧ। ਓਹ ਅੱਡੋ ਅੱਡ ਹੋਣਗੇ ਅਰਥਾਤ ਪਿਉ ਪੁੱਤਰ ਦੇ ਵਿਰੁੱਧ ਅਰ ਪੁੱਤਰ ਪਿਉ ਦੇ ਵਿਰੁੱਧ, ਮਾਂ ਧੀ ਦੇ ਵਿਰੁਧ ਅਰ ਧੀ ਮਾਂ ਦੇ ਵਿਰੁਧ, ਸੱਸ ਆਪਣੀ ਨੂੰਹ ਦੇ ਵਿਰੁੱਧ ਅਰ ਨੂੰਹ ਸੱਸ ਦੇ ਵਿਰੁੱਧ (ਲੂਕਾ 12:51-53)।

ਉਸ ਸਾਰੀ ਦਿੱਕਤ ਨਾਲ ਜੋ ਕਈ ਵਾਰ ਵਿਸ਼ਵਾਸ ਦੇ ਕਾਰਣ ਆ ਸਕਦੀ ਹੈ, ਹੋ ਸਕਦਾ ਹੈ ਕਿ ਅਸੀਂ ਵਿਸ਼ਵਾਸ ਤੋਂ ਫਿਰ ਜਾਣ ਦੀ ਅਜ਼ਮਾਇਸ਼ ਵਿਚ ਪੈ ਜਾਈਏ। ਪਰ, ਅੰਨ੍ਹੇ ਜੰਮੇ ਉਸ ਆਦਮੀ ਨੇ ਰੌਸ਼ਨੀ ਵੇਖ ਲਈ ਸੀ (ਇਕ ਤੋਂ ਵੱਧ ਤਰ੍ਹਾਂ ਨਾਲ), ਅਤੇ ਉਸ ਲਈ ਪਿੱਛੇ ਮੁੜਨ ਦੀ ਗੱਲ ਸੋਚਣਾ ਮੁਮਕਿਨ ਨਹੀਂ ਸੀ। ਉਹਨੂੰ ਪੂਰਾ ਯਕੀਨ ਸੀ ਕਿ ਜੋ ਕੁਝ ਉਹ ਵਿਸ਼ਵਾਸ ਕਰਦਾ ਸੀ ਉਹ ਸਹੀ ਸੀ ਅਤੇ ਕੋਈ ਉਸ ਨੂੰ ਡਰਾ ਕੇ ਉਸ ਗੱਲ ਲਈ ਜਿਸ ਨੂੰ ਉਹ ਜਾਣਦਾ ਸੀ ਕਿ ਸੱਚ ਹੈ, ਮੋੜ ਨਹੀਂ ਸਕਦਾ ਸੀ।

## ''ਮੈਂ ਵਿਸ਼ਵਾਸ ਕਰਦਾ ਹਾਂ'' (9:35-41)

ਇਸ ਆਦਮੀ ਨਾਲ ਐਨਾ ਕੁਝ ਕਿੰਨੀ ਛੇਤੀ ਹੋ ਗਿਆ ਸੀ! ਉਸਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਦਿਨ ਹੀ ਸਭ ਤੋਂ ਵੱਧ ਝਗੜੇ ਭਰਿਆ ਅਤੇ ਔਖਾ ਬਣ ਗਿਆ ਸੀ। ਉਸ ਨੂੰ ਅੱਖਾਂ ਮਿਲ ਗਈਆਂ ਸਨ, ਪਰ ਉਸ ਨੂੰ ਸਿਨਾਗੋਗ ਵਿੱਚੋਂ ਕੱਢ ਦਿੱਤਾ ਗਿਆ ਸੀ। ਅਖ਼ੀਰ ਵਿਚ ਉਹ ਆਪਣੇ ਗੁਆਂਢੀਆਂ ਦੇ ਚਿਹਰਿਆਂ ਨੂੰ ਤੱਕ ਸਕਦਾ ਸੀ, ਪਰ ਜਿੰਨੇ ਚਿਹਰੇ ਉਹ ਵੇਖ ਸਕਿਆ ਸਭ ਤੇ ਕ੍ਰੋਧ ਅਤੇ ਉਲਝਣ ਹੀ ਨਜ਼ਰ ਆ ਰਹੀ ਸੀ। ਉਹ ਸਮਾਜ ਵਿਚ ਸਨਮਾਨ ਨਹੀਂ ਪਾ ਸਕਿਆ, ਕਿਉਂਕਿ ਜਿਸ ਸਮਾਜ ਦਾ ਉਹ ਭਾਗ ਬਣਨ ਦੀ ਐਨੇ ਵਕਤ ਤੋਂ ਉਡੀਕ ਕਰ ਰਿਹਾ

ਸੀ ਉਸੇ ਸਮਾਜ ਨੇ ਉਸਨੂੰ ਠੁਕਰਾ ਦਿੱਤਾ ਸੀ। ਅਜੇ ਉਹ ਇਸ ਕਸ਼ਮਕਸ਼ ਵਿਚ ਹੀ ਸੀ ਕਿ ਇਕ ਅਜਿਹੀ ਅਵਾਜ਼ ਨੇ ਉਸਦਾ ਸਵਾਗਤ ਕੀਤਾ ਜਿਹੜੀ ਉਸਦੀ ਜਾਣੀ ਪਛਾਣੀ ਸੀ ਪਰ ਉਸ ਨੇ ਉਸਦਾ ਚਿਹਰਾ ਕਦੀ ਨਹੀਂ ਵੇਖਿਆ ਸੀ-ਇਹ ਅਵਾਜ਼ ਯਿਸੂ ਦੀ ਸੀ!

ਯਿਸੂ ਨੇ ਉਸਨੂੰ ਪੁੱਛਿਆ ਕਿ ਕੀ ਉਹ ਮਨੁੱਖ ਦੇ ਪੁੱਤਰ ਤੇ ਵਿਸ਼ਵਾਸ ਕਰਦਾ ਹੈ, ਇਸ ਸਵਾਲ ਨਾਲ ਉਲਝਣ ਵਿਚ ਪਏ, ਪਰ ਪੁੱਛਣ ਵਾਲੇ ਵਿਚ ਭਰੋਸਾ ਰੱਖ ਕੇ ਉਸ ਆਦਮੀ ਨੇ ਕਿਹਾ, ''ਪ੍ਰਭੂ ਜੀ, ਉਹ ਕੌਣ ਹੈ ਜੋ ਮੈਂ ਉਸ ਉੱਤੇ ਨਿਹਚਾ ਕਰਾਂ?'' (9:36)। ਯਿਸੂ ਨੇ ਉਸ ਨੂੰ ਦੱਸਿਆ ਕਿ ਉਹ ਸ਼ਖ਼ਸ ਉਹ ਆਪ ਹੀ ਹੈ। ਇਹ ਸੁਣ ਕੇ ਅੰਨ੍ਹਾ ਜੰਮਿਆ ਇਹ ਆਦਮੀ ਪੁਕਾਰ ਉਠਿਆ, ''ਪ੍ਰਭੂ ਜੀ ਮੈਂ ਨਿਹਚਾ ਕਰਦਾ ਹਾਂ!'' (9:38) ਅਤੇ ਉਸ ਨੂੰ ਸਿਜਦਾ ਕੀਤਾ। ਵਿਸ਼ਵਾਸ ਵੱਲ ਉਸ ਆਦਮੀ ਦਾ ਸਫ਼ਰ ਇਕ ਮੀਲ ਪੱਥਰ ਤਕ ਪਹੁੰਚ ਚੁੱਕਾ ਸੀ। ਹੁਣ ਉਹ ਕਹਿ ਸਕਦਾ ਸੀ ਕਿ ''ਮੈਂ ਵਿਸ਼ਵਾਸ ਕਰਦਾ ਹਾਂ।''

ਕਹਾਣੀ ਦੇ ਅੱਗੇ ਵਧਣ ਨਾਲ ਉਸ ਆਦਮੀ ਦੇ ਵਿਸ਼ਵਾਸ ਵਧਣ ਤੇ ਵੀ ਧਿਆਨ ਕਰੋ। ਉਹ ''ਮੈਂ ਉਹੀ ਹਾਂ'' ਨਾਲ ਯਿਸੂ ਨੇ ਮਿੱਟੀ ਗੋ ''ਉਹ ਨਬੀ ਹੈ'' ਅਤੇ ''ਮੈਂ ਇਕ ਗੱਲ ਜਾਣਦਾ ਹਾਂ'' ਤੋਂ ''ਉਹ ਖ਼ੁਦਾ ਵੱਲੋਂ ਹੈ'' ਅਤੇ ''ਮੈਂ ਵਿਸ਼ਵਾਸ ਕਰਦਾ ਹਾਂ'' ਤਕ ਚੱਲਦਾ ਗਿਆ। ਜੋ ਕੁਝ ਵੀ ਉਸ ਸਮੇਂ ਸਮਝ ਵਿਚ ਆਇਆ ਉਸੇ ਦੇ ਅਧਾਰ ਤੇ ਉਸ ਨੇ ਚੌਕਸੀ ਨਾਲ ਹਰ ਕਦਮ ਚੁੱਕਿਆ। ਉਸ ਨੇ ਹੁਕਮ ਵਿਚ ''ਵਿਸ਼ਵਾਸ ਦੀ ਛਾਲ'' ਨਹੀਂ ਮਾਰੀ, ਸਿਰਫ਼ ਵਿਸ਼ਵਾਸ ਤੇ ਪੱਕੇ ਅਤੇ ਮਜ਼ਬੂਤੀ ਨਾਲ ਕਦਮ ਰੱਖੇ।

## ਸਾਰ

ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ, ''ਮੈਂ ਜਗਤ ਦਾ ਚਾਨਣ ਹਾਂ'' (9:5)। ਸਾਡੇ ਜਗਤ ਤੇ ਪਾਪ ਦਾ ਗੂੜ੍ਹਾ ਹਨੇਰਾ ਛਾਇਆ ਹੋਇਆ ਹੈ। ਇਹ ਹਨੇਰਾ ਚਾਨਣ ਨੂੰ ਸਹਿ ਨਹੀਂ ਸਕਦਾ, ਕਿਉਂਕਿ ਦੋਹਾਂ ਦਾ ਆਪਸ ਵਿਚ ਵੈਰ ਹੈ। ਜੇ ਤੁਸੀਂ ਚਾਨਣ ਦੇ ਲੋਕ ਬਣਨਾ ਚਾਹੁੰਦੇ ਹੋ, ਤਾਂ ਆਪਣੇ ਆਪ ਨੂੰ ਹਨੇਰੇ ਦੀਆਂ ਸ਼ਕਤੀਆਂ ਦੇ ਵਿਰੋਧ ਵਿਚ ਇਕ ਭਿਆਨਕ ਯੁੱਧ ਵਿਚ ਪਾਓਗੇ। ਤੁਸੀਂ ਉਨ੍ਹਾਂ ਦੇ ਖ਼ਿਲਾਫ਼ ਖੜੇ ਹੋ ਸਕਦੇ ਹੋ! ਤੁਸੀਂ ਜੋ ਕੁਝ ਆਪਣੇ ਬਾਰੇ, ਜ਼ਿੰਦਗੀ ਦੇ ਬਾਰੇ ਅਤੇ ਯਿਸੂ ਬਾਰੇ ਜਾਣਦੇ ਹੋ ਉਸ ਤੇ ਕਾਇਮ ਰਹਿ ਸਕਦੇ ਹੋ। ਅਜਿਹਾ ਕਰਕੇ ਜੇ ਸਵੇਰੇ ਨੂੰ ਸੂਰਜ ਵੀ ਨਾ ਚੜ੍ਹੇ, ਤਾਂ ਤੁਸੀਂ ਫਿਰ ਵੀ ਜਾਣਦੇ ਹੋ ਕਿ ਤੁਸੀਂ ਕੌਣ ਹੋ ਅਤੇ ਤੁਹਾਡਾ ਵਿਸ਼ਵਾਸ ਕੀ ਹੈ!

ਅੰਨ੍ਹਾ ਜੰਮਿਆ ਉਹ ਬੰਦਾ ਆਪਣੇ ਚੰਗਾ ਹੋਣ ਵਿਚ ਹੋਣ ਵਾਲੇ ਝਗੜੇ ਦੀ ਕਲਪਨਾ ਵੀ ਨਹੀਂ ਕਰ ਸਕਦਾ ਸੀ। ਪਰ ਮੇਰਾ ਮੰਨਣਾ ਹੈ ਕਿ ਜੇ ਉਸ ਨੂੰ ਪਹਿਲਾਂ ਪਤਾ ਹੁੰਦਾ ਕਿ ਚੰਗਾ ਹੋ ਕੇ ਉਸਨੂੰ ਐਨੀਆਂ ਮੁਸ਼ਕਿਲਾਂ ਝੱਲਣੀਆਂ ਪੈਣਗੀਆਂ, ਤਾਂ ਵੀ ਉਹ ਅੰਨ੍ਹਾ ਰਹਿਣ ਤੋਂ ਸੁਜਾਖਾ ਹੋਣ ਨੂੰ ਹੀ ਪਹਿਲ ਦਿੰਦਾ। ਯਿਸੂ ਸਚਮੁੱਚ ''ਜਗਤ ਦਾ ਚਾਨਣ'' ਹੈ। ਅੱਜ ਸਾਨੂੰ ਚਾਨਣ ਵਿਚ ਆਉਣ ਦਾ ਸੱਦਾ ਹੈ!

---

ਟਿੱਪਣੀਆਂ

[1]*ਨਿਊ ਯਾਰਕ ਟਾਈਮਜ਼ ਸੰਡੇ ਮੈਗਜ਼ੀਨ* 31 ਜਨਵਰੀ 1993, xiii-NJ-4:6. [2]ਵੇਖੋ ਯਹੋਸ਼ੁਆ 7:19.